ਇੰਜੀ: ਪ੍ਰਵੀਨ ਬਿਰਦੀ, ਪਹਿਲੀ ਐਪੀਲੈਂਟ ਅਥਾਰਟੀ-ਕਮ-ਡਾਇਰੈਕਟਰ/ਵਾਟਰ ਸੈਲ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਦੀ ਅਦਾਲਤ ਵਿੱਚ।

ਵਿਸ਼ਾ:- ਆਰ.ਟੀ.ਆਈ ਐਕਟ-2005 ਦੇ ਸੈਕਸ਼ਨ 19(1) ਅਧੀਨ ਪਹਿਲੀ ਅਪੀਲ –ਸ੍ਰੀ ਰਜੇਸ਼ ਕੁਮਾਰ।

1) ਪੀ.ਆਈ.ਓ-ਕਮ-ਪ੍ਰਬੰਧਕ ਅਫਸਰ-2 (ਨ.ਗ.ਅ-2 ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ। ਅਨੀਸ਼ 5/9/18

2) ਅਪੀਲ ਕਰਤਾ:-

**ਮਿਤੀ 04.09.2018 ਦੀ ਕਾਰਵਾਈ ਰਿਪੋਰਟ**

ਅੱਜ ਮਿਤੀ 04.09.2018 ਨੂੰ ਪੀ.ਆਈ.ਓ-ਕਮ-ਪ੍ਰਬੰਧਕ ਅਫਸਰ-2 ਦੇ ਬਿਹਾਫ ਤੇ ਸ੍ਰੀ ਮਨੋਜ ਕੁਮਾਰ, ਸੀਨੀਅਰ ਸਹਾਇਕ (ਨ.ਗ.ਅ-2 ਸ਼ਾਖਾ) ਪੇਸ਼ ਹੋਏ ਅਤੇ ਅਪੀਲ ਕਰਤਾ ਪੇਸ਼ ਨਹੀਂ ਹੋਏ।

ਪੀ.ਆਈ.ਓ-ਕਮ-ਪ੍ਰਬੰਧਕ ਅਫਸਰ-2 ਦੇ ਬਿਹਾਫ ਤੇ ਪੇਸ਼ ਹੋਏ ਸ੍ਰੀ ਮਨੋਜ ਕੁਮਾਰ, ਸੀਨੀਅਰ ਸਹਾਇਕ (ਨ.ਗ.ਅ-2 ਸ਼ਾਖਾ) ਵੱਲੋਂ ਬਿਆਨ ਕੀਤਾ ਗਿਆ ਕਿ ਅਪੀਲ ਕਰਤਾ ਵੱਲੋਂ ਜੋ ਬੇਨਤੀ ਪੱਤਰ ਵਿੱਚ 6 ਬੇਲਦਾਰਾਂ ਦੀ ਸੂਚਨਾ ਮੰਗੀ ਗਈ ਸੀ, ਦੇ ਸਬੰਧ ਵਿੱਚ ਉਨ੍ਹਾਂ ਨੇ ਅਪੀਲ ਕਰਤਾ ਨੂੰ ਆਪਣੇ ਦਫਤਰ ਦੇ ਪੱਤਰ ਨੰਬਰ:5227/5ਨਗਅ-2/2018, ਮਿਤੀ 06.08.2018 ਰਾਹੀਂ ਇਨ੍ਹਾਂ ਬੇਲਦਾਰਾਂ ਦੀਆਂ ਨਿਯੁਕਤੀਆਂ ਕਿਸ ਦਫਤਰ ਵੱਲੋਂ ਕੀਤੀਆਂ ਗਈਆਂ ਸਨ, ਦਾ ਪੂਰਾ ਵੇਰਵਾ ਮੰਗਿਆ ਸੀ। ਅਪੀਲ ਕਰਤਾ ਵੱਲੋਂ ਤਿੰਨ ਬੇਲਦਾਰਾਂ ਸਬੰਧੀ ਸੂਚਨਾ ਭੇਜੀ ਹੈ, ਜੋ ਕਿ ਅਧੂਰੀ ਹੈ। ਤਿੰਨ ਬੇਲਦਾਰਾਂ ਦੀ ਭੇਜੀ ਸੂਚਨਾ ਅਨੁਸਾਰ ਇਸ ਦਾ ਸਬੰਧ ਰਣਜੀਤ ਸਾਗਰ ਡੈਮ/ਉਸਾਰੀ, ਜਲ ਸਰੋਤ ਵਿਭਾਗ, ਪੰਜਾਬ, ਸ਼ਾਹਪੁਰਕੰਡੀ ਟਾਊਨਸ਼ਿਪ ਨਾਲ ਹੈ। ਇਸ ਲਈ ਲੋੜੀਂਦੀ ਸੂਚਨਾ ਉਨ੍ਹਾਂ ਵਲੋਂ ਮੁਹੱਈਆ ਕਰਵਾਈ ਜਾਣੀ ਹੈ। ਇਸ ਕਾਰਨ ਉਨ੍ਹਾਂ ਨੇ ਮਿਤੀ 31.08.2018 ਨੂੰ ਸਬੰਧਿਤ ਅਰਜੀ ਸਮੇਤ ਸਹਿਪੱਤਰ ਉਕਤ ਦਫਤਰ ਨੂੰ ਤਬਦੀਲ ਕਰ ਦਿੱਤੇ ਹਨ। ਉਨ੍ਹਾ ਵਲੋਂ ਇਹ ਵੀ ਬਿਆਨ ਕੀਤਾ ਗਿਆ ਕਿ ਬਾਕੀ ਰਹਿੰਦੇ ਤਿੰਨ ਬੇਲਦਾਰਾਂ ਦਾ ਨਿਯੁਕਤੀ ਸਬੰਧੀ ਵੇਰਵਾ ਪ੍ਰਾਪਤ ਕਰਨ ਲਈ ਅਪੀਲ ਕਰਤਾ ਨੂੰ ਪੱਤਰ ਲਿਖ ਦਿੱਤਾ ਜਾਵੇਗਾ ਅਤੇ ਵੇਰਵਾ ਪ੍ਰਾਪਤ ਹੋਣ ਤੇ ਲੋੜੀਂਦੀ ਕਾਰਵਾਈ ਕਰ ਦਿੱਤੀ ਜਾਵੇਗੀ। ਇਸ ਲਈ ਉਨ੍ਹਾਂ ਨੇ ਹੋਰ 8 ਦਿਨਾਂ ਦੀ ਮੰਗ ਕੀਤੀ ਹੈ।

ਪੀ.ਆਈ.ਓ-ਕਮ-ਪ੍ਰਬੰਧਕ ਅਫਸਰ-2 ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਅਪੀਲ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ ਤੋਂ ਪਹਿਲਾਂ-2 ਮੁਕੰਮਲ ਕਾਰਵਾਈ ਕਰਦੇ ਹੋਏ ਸੂਚਨਾ ਮੁਹੱਈਆ ਕਰਵਾਈ ਜਾਵੇ।

ਇਸ ਅਪੀਲ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 13.09.2018 ਦਿਨ ਵੀਰਵਾਰ ਸਮਾਂ 11:30 ਵੱਜੇ ਨਿਸ਼ਚਿਤ ਕੀਤੀ ਜਾਂਦੀ ਹੈ।

ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ 574-76 /131ਐਮ/2ਵ:ਸ/2018 ਮਿਤੀ 04 /09/2018

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1) ਪੀ.ਆਈ.ਓ-ਕਮ-ਪ੍ਰਬੰਧਕ ਅਫਸਰ-2 (ਨ.ਗ.ਅ-2 ਸ਼ਾਖਾ), ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2) ਸ੍ਰੀ ਰਜੇਸ਼ ਕੁਮਾਰ ਪੁੱਤਰ ਸ੍ਰੀ ਸ਼ਾਮ ਲਾਲ, ਪਿੰਡ ਦਰਕੂਹਾ ਬੰਗਲਾ, ਡਾਕਘਰ ਸਾਰਟੀ, ਤਹਿ: ਧਾਰਕਲਾਂ ਜਿਲ੍ਹਾ ਪਠਾਨਕੋਟ-145022 (ਪੰਜਾਬ) ਨੂੰ ਸੂਚਨਾ ਹਿੱਤ।

ਪਹਿਲੀ ਐਪੀਲੈਂਟ ਅਥਾਰਟੀ-ਕਮ-
ਡਾਇਰੈਕਟਰ/ਵਾਟਰ ਸੈਲ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਕਾਪੀ:-

ਕਾਰਜਕਾਰੀ ਇੰਜੀਨੀਅਰ/ਕੰਪਿਊਟਰ ਸੈਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਹਿੱਤ।